# ਜਮਾਤ ਅੱਠਵੀਂ ਸੈਸ਼ਨ 2021-22
# ਪਾਠ 6 - ਮਾਈਕਰੋਸਾਫਟ ਪਾਵਰ ਪਅਇੰਟ ਭਾਗ-3

## ਖਾਲੀ ਥਾਂਵਾਂ ਭਰੋ

1) ........ ਇੱਕ ਵਿਜ਼ੂਅਲ ਅਤੇ ਮੋਸ਼ਨ ਪ੍ਰਭਾਵ ਹੁੰਦੇ ਹਨ ਜੋ ਉਸ ਸਮੇਂ ਦਿਖਾਈ ਦਿੰਦੇ ਹਨ ਜਦੋਂ ਅਸੀਂ ਪ੍ਰੈਜੈਂਟੇਸ਼ਨ ਦੇ ਸਲਾਈਡ ਸ਼ੋਅ ਦੌਰਾਨ ਇੱਕ ਸਲਾਈਡ ਤੋਂ ਅਗਲੀ ਸਲਾਈਡ ਤੇ ਜਾਂਦੇ ਹਾਂ।

ੳ) ਸਲਾਈਡ ਟ੍ਰਾਂਜੀਸ਼ਨ     ਅ) ਐਨੀਮੇਸ਼ਨ

ੲ) ਐਲੀਮੇਸ਼ਨ ਸਕੀਮ     ਸ) ਸਲਾਈਡ ਸ਼ੋਅ

2) ਪਾਵਰ ਪੁਆਇੰਟ ........ ਕਿਸਮਾਂ ਦੀ ਐਨੀਮੇਸ਼ਨ ਪ੍ਰਦਾਨ ਕਰਦਾ ਹੈ।

ੳ) ਦੋ     ਅ) ਤਿੰਨ

ੲ) ਚਾਰ     ਸ) ਪੰਜ

3) ਪਾਵਰ ਪੁਆਇੰਟ ਪਹਿਲਾਂ ਤੋਂ ਪ੍ਰਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਸਮੂਹ ਪ੍ਰਦਾਨ ਕਰਦਾ ਹੈ ਜਿੰਨ੍ਹਾਂ ਨੂੰ ........ ਕਿਹਾ ਜਾਂਦਾ ਹੈ।

ੳ) ਸਲਾਈਡ ਟ੍ਰਾਂਜੀਸ਼ਨ     ਅ) ਐਨੀਮੇਸ਼ਨ

ੲ) ਐਨੀਮੇਸ਼ਨ ਸਕੀਮ     ਸ) ਸਲਾਈਡ ਸ਼ੋਅ

4) PDF ਦਾ ਪੂਰਾ ਨਾਮ ........ਹੈ।

ੳ) ਪੋਰਟੇਬਲ ਡਾਟਾ ਫਾਰਮੇਟ     ਅ) ਪੋਰਟੇਬਲ ਡਾਕੂਮੈਂਟ ਫਾਰਮ

ੲ) ਪੋਰਟੇਬਲ ਡਾਕੂਮੈਂਟ ਫਾਰਮ     ਸ) ਪੋਰਟੇਬਲ ਡਾਕੂਮੈਂਟ ਫਾਰਮੇਟ

5) ਅਸੀਂ ਪਾਵਰ ਪੁਆਇੰਟ ਪ੍ਰੈਜੈਂਟੇਸ਼ਨ ਨੂੰ ਪਾਵਰ ਪੁਆਇੰਟ ਸ਼ੋਅ ਵਜੋਂ ........ਐਕਸਟੈਂਸ਼ਨ ਨਾਲ ਸੇਵ ਕਰ ਸਕਦੇ ਹਾਂ।

ੳ) .ppsx     ਅ) .ppt

ੲ) .pptx     ਸ) .pdf

## ਪੂਰੇ ਨਾਮ ਲਿਖੋ

| | |
|---|---|
| 1) JPEG | ਜੁਆਇੰਟ ਫੋਟੋਗਰਾਫਿਕ ਐਕਸਪਰਟ ਗਰੁੱਪ |
| 2) GIF | ਗਰਾਫਿਕ ਇੰਟਰਚੇਂਜ ਫਾਰਮੇਟ |
| 3) BMP | ਬਿੱਟ ਮੈਪ ਇਮੇਜ |
| 4) WMV | ਵਿੰਡੋਜ਼ ਮੀਡੀਆ ਵੀਡੀਓ |
| 5) PNG | ਪੋਰਟੇਬਲ ਨੈੱਟਵਰਕ ਗਰਾਫਿਕ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

1) ਸਲਾਈਡ ਟ੍ਰਾਂਜੀਸ਼ਨ ਕੀ ਹੁੰਦੀ ਹੈ?

ਉੱਤਰ : ਸਲਾਈਡ ਸ਼ੋਅ ਵਿੱਚ ਇੱਕ ਤੋਂ ਬਾਅਦ ਦੂਜੀ ਸਲਾਈਡ ਆਪਣੇ ਆਪ ਦਿਖਾਈ ਦਿੰਦੀ ਹੈ। ਇਸ ਨੂੰ ਸਲਾਈਡ ਟ੍ਰਾਂਜੀਸ਼ਨ ਕਹਿੰਦੇ ਹਨ। ਇਹ ਉਹ ਵਿਜ਼ੂਅਲ ਇਫੈਕਟ ਹੁੰਦੇ ਹਨ ਜੋ ਇੱਕ ਤੋਂ ਬਆਦ ਇੱਕ ਆਪਣੇ ਆਪ ਹੁੰਦੇ ਹਨ।

2) ਐਨੀਮੇਸ਼ਨ ਕੀ ਹੁੰਦੀ ਹੈ?

ਉੱਤਰ : ਇਹ ਪਹਿਲਾਂ ਤੋਂ ਬਣੇ ਹੋਏ ਵਿਜ਼ੂਅਲ ਇਫੈਕਟਸ ਹਨ ਹੁੰਦੇ ਹਨ ਜੋ ਆਬਜੈਕਟਸ ਤੇ ਅਪਲਾਈ ਕੀਤੇ ਜਾ ਸਕਦੇ ਹਨ। ਇਸ ਦੀ ਵਰਤੋਂ ਸਲਾਈਡ ਵਿਚਲੇ ਆਬਜੈਕਟਸ ਨੂੰ ਗਤੀਮਾਨ ਕਰਨ ਲਈ ਕੀਤੀ ਜਾਂਦੀ ਹੈ। ਇਸ ਦੀ ਮੱਦਦ ਨਾਲ ਅਸੀ ਸਪੈਸ਼ਲ ਇਫੈਕਟਸ ਲਗਾ ਸਕਦੇ ਹਾਂ।

3) ਪਾਵਰ ਪੁਆਇੰਟ ਵਿੱਚ ਐਨੀਮੇਸ਼ਨ ਸਕੀਮਜ਼ ਕੀ ਹੁੰਦੀਆਂ ਹਨ?

ਉੱਤਰ : ਪਾਵਰ ਪੁਆਇੰਟ ਵਿੱਚ ਪਹਿਲਾਂ ਤੋਂ ਨਿਰਧਾਰਤ ਐਨੀਮੇਸ਼ਨਜ਼ ਦਾ ਇੱਕ ਵੱਡਾ ਸੰਗ੍ਰਹਿ ਹੈ ਜਿਸ ਨੂੰ ਐਨੀਮੇਸ਼ਨ ਸਕੀਮਜ਼ ਵੀ ਕਿਹਾ ਜਾਂਦਾ ਹੈ। ਜਿੰਨਾ ਨੂੰ ਅਸੀਂ ਮਾਊਸ ਦੇ ਇੱਕੋ ਕਲਿੱਕ ਨਾਲ ਸਲਾਈਡ ਆਜੈਕਟ ਤੇ ਲਾਗੂਕਰ ਸਕਦੇ ਹਾਂ।

4) ਤੁਸੀਂ ਪਾਵਰ ਪੁਆਇੰਟ ਵਿੱਚ ਐਨੀਮੇਸ਼ਨਜ਼ ਦਾ ਪ੍ਰੀਵਿਊ ਕਿਵੇਂ ਦੇਖੋਗੇ?

ਉੱਤਰ : 1) ਐਨੀਮੇਸ਼ਨ ਪੇਨ ਵਿੱਚ ਪਲੇਅ ਬਟਨ ਦੇ ਕਲਿੱਕ ਕਰੋ।

2) ਮੌਜੂਦਾ ਸਲਾਈਡ ਦੇ ਸਾਰੇ ਇਫੈਕਟ ਇੱਕ ਤੋਂ ਬਾਅਦ ਇੱਕ ਚਲਦੇ ਦਿਖਾਈ ਦੇਣਗੇ। ਸੱਜੇ ਪਾਸੇ ਟਾਈਮ ਲਾਈਨ ਦਿਖਾਈ ਦੇਵੇਗੀ । ਜ਼ੋ ਕਿ ਇਫੈਕਟਸ ਦੀ ਪ੍ਰਗਤੀ ਨੂੰ ਦਰਸਾਉਂਦੀ ਹੈ।

5) ਪਾਵਰ ਪੁਆਇੰਟ ਵਿੱਜ ਮੌਜੂਦ 4 ਮਿਸਮ ਦੀਆਂ ਐਨੀਮੇਸ਼ਨਜ਼ ਦੇ ਨਾਮ ਲਿਖੋ।

ਉੱਤਰ : 1) ਇੰਟਰੈਂਸ     2) ਇੰਫੈਸਿਜ਼     3) ਐਗਜ਼ਿਟ     4) ਮੋਸ਼ਨ ਪਾਥ

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

1) ਐਨੀਮੇਸ਼ਨ ਕੀ ਹੈ? ਪਾਵਰ ਪੁਆਇੰਟ ਵਿੱਚ ਇਹ ਕਿੰਨੇ ਕਿਸਮ ਦੀ ਹੁੰਦੀ ਹੈ?

ਉੱਤਰ : ਇਹ ਪਹਿਲਾਂ ਤੋਂ ਬਣੇ ਹੋਏ ਵਿਜ਼ੂਅਲ ਇਫੈਕਟਸ ਹਨ ਹੁੰਦੇ ਹਨ ਜੋ ਆਬਜੈਕਟਸ ਤੇ ਅਪਲਾਈ ਕੀਤੇ ਜਾ ਸਕਦੇ ਹਨ। ਇਸ ਦੀ ਵਰਤੋਂ ਸਲਾਈਡ ਵਿਚਲੇ ਆਬਜੈਕਟਸ ਨੂੰ ਗਤੀਮਾਨ ਕਰਨ ਲਈ ਕੀਤੀ ਜਾਂਦੀ ਹੈ। ਇਸ ਦੀ ਮੱਦਦ ਨਾਲ ਅਸੀ ਸਪੈਸ਼ਲ ਇਫੈਕਟਸ ਲਗਾ ਸਕਦੇ ਹਾਂ। ਜ਼ੋ ਕਿ ਚਾਰ ਕਿਸਮਾਂ ਦੇ ਹੁੰਦੇ ਹਨ

1) ਐਂਟਰੈਂਸ : ਪੈਜ਼ੇਂਟੇਸ਼ਨ ਦੌਰਾਨ ਕਿਸੇ ਆਜੈਕਟ ਦੀ ਇੰਟਰੀ ਕਿਸ ਤਰਾਂ ਹੋਣੀ ਚਾਹੀਦੀ ਹੈ ਇਸ ਕੰਮ ਲਈ ਇਹਨਾਂ ਐਨੀਮੇਸ਼ਨਜ ਦੀ ਵਰਤੋਂ ਕੀਤੀ ਜਾਂਦੀ ਹੈ।

2) ਇਮਫੈਸਿਜ਼ : ਇਸ ਦੀ ਵਰਤੋਂ ਇਸ ਲਈ ਕੀਤੀ ਜਾਂਦੀ ਹੈ ਕਿ ਕਿਸੇ ਵਸਤੂ ਉੱਪਰ ਦਰਸ਼ਕਾਂ ਦਾ ਧਿਆਨ ਕੇਂਦਰਤ ਕੀਤਾ ਜਾ ਸਕੇ। ਜਵੇਂ ਕਿਸੇ ਆਜੈਕਟ ਦਾ ਸਾਈਜ ਵੱਡਾ ਕਰਨਾ ਜਾਂ ਉਸ ਦਾ ਰੰਗ ਬਦਲਣਾ।

3) ਐਗਜਿਟ : ਪੈਜੈਂਟੇਸ਼ਨ ਦੌਰਾਨ ਕਿਸੇ ਆਜੈਕਟ ਦਾ ਸਕਰੀਨ ਤੋਂ ਬਾਹਰ ਜਾਣਾ ਕਿਸ ਤਰਾਂ ਦਾ ਹੋਣਾ ਚਾਹੀਦਾ ਹੈ ਇਸ ਕੰਮ ਲਈ ਇਹਨਾਂ ਐਨੀਮੇਸ਼ਨਜ ਦੀ ਵਰਤੋਂ ਕੀਤੀ ਜਾਂਦੀ ਹੈ।

4) ਮੋਸ਼ਨ ਪਾਥਜ਼ : ਇਹ ਨਿਰਧਾਰਤ ਕਰਦੇ ਹਨ ਕਿ ਕੋਈ ਆਬਜੈਕਟ ਸਲਾਈਡ ਤੇ ਕਿਸ ਤਰਾਂ ਨਾਲ ਮੂਵ ਕਰਨਾ ਚਾਹੀਦਾ ਹੈ।

2) ਤੁਸੀਂ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਨੂੰ ਸ਼ਣ ਫਾਰਮੈਟ ਵਿੱਚ ਕਿਵੇਂ ਸੇਵ ਕਰੋਗੇ?

ਉੱਤਰ : ਪੁਆਇੰਟ ਪ੍ਰੈਜ਼ੈਂਟੇਸ਼ਨ ਨੂੰ ਸ਼ਣ ਫਾਰਮੈਟ ਵਿੱਚ ਸੇਵ ਕਰਨ ਦੇ ਸਟੈਪ ਹਨ

1) ਫਾਈਲ ਮੀਨੂੰ ਤੇ ਕਲਿੱਕ ਕਰੋ

2) Save As ਆਪਸ਼ਨ ਤੇ ਕਲਿੱਕ ਕਰੋ। ਸੇਵ ਐਜ਼ ਡਾਇਲਾਗ ਬਾਕਸ ਖੁੱਲੇਗਾ।

3) ਫਾਈਲ ਦਾ ਨਾਮ ਦੇ ਕੇ ਉਸ ਦੀ ਲੋਕੇਸ਼ਨ ਸੈੱਟ ਕਰੋ।

4) Save As Type ਡਰਾਪ ਡਾਊਨ ਲਿਸਟ ਵਿੱਚੋਂ ਸ਼ਣ ਫਾਰਮਣ ਦੀ ਚੋਣ ਕਰੋ।

5) Save ਬਟਨ ਤੇ ਕਲਿੱਕ ਕਰੋ।

ਫਾਈਲ PDF ਫਾਰਮਣ ਵਿੱਚ ਸੇਵ ਹੋ ਜਾਵੇਗੀ।

3) ਪਾਵਰ ਪੁਆਇੰਟ ਵਿੱਚ Slide Transition ਕਿਵੇਂ ਲਾਗੂਕਰੋਗੇ?

ਉੱਤਰ : ਟ੍ਰਾਂਜੀਸ਼ਨ ਲਗਾਉਣ ਦੇ ਸਟੈਪ

1) ਟ੍ਰਾਂਜੀਸ਼ਨ ਟੈਬ ਤੇ ਕਲਿੱਕ ਕਰੋ।

2) Transition To This Slide ਗਰੁੱਪ ਵਿੱਚੋਂ ਕਿਸੇ ਵੀ ਟ੍ਰਾਂਜੀਸ਼ਨ ਨੂੰ ਸਿਲੈਕਟ ਕਰੋ।

3) ਟ੍ਰਾਂਜੀਸ਼ਨ ਸਾਊਂਡ, ਸਪੀਡ ਅਤੇ ਅਡਵਾਂਸ ਸਲਾਈਡ ਚੁਣੋ।

4) ਟ੍ਰਾਂਜੀਸ਼ਨ ਨੂੰ ਦੇਖਣ ਲਈ Preview ਬਟਨ ਤੇ ਕਲਿੱਕ ਕਰੋ।

5) ਸਾਰੀਆਂ ਸਲਾਈਡਾਂ ਤੇ ਟ੍ਰਾਂਜੀਸ਼ਨ ਨੂੰ ਅਪਲਾਈ ਕਰਨ ਲਈ Apply To All ਤੇ ਕਲਿੱਕ ਕਰੋ।